ਬੱਚਿਆਂ ਲਈ ਬਾਈਬਲ

ਉਪੱਸਥਿਤ



# ਲੜਕੀ ਜਿਸ ਨੂੰ ਦੋਬਾਰਾ ਜੀਵਣ ਮਿਲਿਆ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਬਦਲਿਆ ਗਿਆ : Ruth Klassen
Alastair Paterson
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2020 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਜੈਰਸ ਇੱਕ ਯਹੂਦੀ ਧਾਰਮੀਕ ਅਗੂਵਾ ਜਿਹੜਾ ਪਰਮੇਸ਼ਵਰ ਦੀ ਅਰਾਧਨਾ ਕਰਦਾ ਅਤੇ ਦੂਸਰਿਆਂ ਨੂੰ ਪਰਮੇਸ਼ਵਰ ਦਾ ਵਚਨ ਸੁਣਾਉਦਾ ਸੀ। ਇੱਕ ਦਿਨ, ਭਿਆਨਕ ਮੁਸੀਬਤ ਜੈਰਸ ਤੇ ਆਈ। ਉਸਦੀ ਪਿਆਰੀ ਬੇਟੀ, ਜਿਹੜੀ ਸਿਰਫ਼ ਬਾਰਾਂ ਸਾਲ ਦੀ ਸੀ, ਬਿਮਾਰ ਹੋ ਗਈ। ਇਓਂ ਹੋਇਆ ਕੇ ਕੋਈ ਉਸਦੀ ਮਦਦ ਨਹੀ ਕਰ ਪਾਇਆ। ਇਹ ਇੱਕ ਬੁਰੀ ਬਿਮਾਰੀ ਸੀ। ਜੈਰਸ ਜਾਣ ਗਿਆ ਕੀ ਲੜਕੀ ਮਰ ਰਹੀ ਸੀ।



ਸਿਰਫ਼ ਇੱਕ ਮਨੁੱਖ ਜੈਰਸ ਦੀ ਬੇਟੀ ਦੀ ਮਦਦ ਕਰ ਸਕਦਾ ਸੀ। ਜੈਰਸ ਯਿਸੂ ਨੂੰ ਲੱਭਣ ਲਈ ਬਾਹਰ ਗਿਆ ਅਤੇ ਉਸਨੂੰ ਵਾਪਸ ਆਪਣੇ ਘਰ ਲੈਕੇ ਆਇਆ। ਲਗਭਗ ਜੈਰਸ ਜਾਣਦਾ ਸੀ ਕੀ ਉਸਦੇ ਧਾਰਮੀਕ ਦੋਸਤ ਯਿਸੂ ਨਾਲ ਸਹਿਮਤ ਨਹੀ ਹਨ।



ਪਰ ਜੈਰਸ ਨੇ ਧਿਆਨ ਨਹੀ ਦਿੱਤਾ। ਉਸਦੀ ਬੇਟੀ ਦੇ ਮਰਨ ਤੋਂ ਪਹਿਲਾਂ ਉਸਨੂੰ ਕਿਸੇ ਦੀ ਮਦਦ ਚਾਹੀਦੀ ਸੀ।



ਜੈਰਸ ਨੇ ਵੇਖਿਆ ਕੀ ਯਿਸੂ
ਲੋਕਾਂ ਨਾਲ ਚਾਰੇ ਪਾਸਿਓਂ
ਘਿਰਿਆ ਸੀ।

ਉਹ ਯਿਸੂ ਦੇ ਪੈਰਾਂ
ਤੇ ਝੁਕਿਆ। “ਮੇਰੀ
ਛੋਟੀ ਬੇਟੀ ਮਰਨ ਦੇ
ਕਿਨਾਰੇ ਹੈ,” ਉਸ
ਨਿਰਾਸ਼ਾਜਨਕ ਮਨੁੱਖ
ਨੇ ਭੀਖ ਮੰਗੀ।
ਆਉ ਅਤੇ ਉਹਦੇ
ਉੱਪਰ ਆਪਣੇ
ਹੱਥਾਂ ਨੂੰ ਰੱਖੋ ਕੇ ਉਹ
ਚੰਗੀ ਹੋ ਜਾਵੇ, ਅਤੇ
ਉਹ ਜਿੰਦਾ ਹੋ ਜਾਵੇਗੀ।



ਯਿਸੂ ਜੈਰਸ ਦੇ ਨਾਲ ਗਿਆ। ਭੀੜ ਹੋਣ ਦੇ ਕਾਰਨ ਉਹ ਜਲਦੀ ਨਾ ਜਾ ਸਕੇ। ਇੱਕ ਔਰਤ ਜਿਹੜੀ ਬਾਰਾਂ ਵਰਿਆਂ ਤੋ ਬਹੁਤ ਬਿਮਾਰ ਸੀ। ਉਹ ਸਾਰੇ ਵੈਦਾਂ ਦੇ ਕੋਲ ਜਾ ਚੁੱਕੀ ਸੀ (ਅਤੇ ਆਪਣਾ ਸਾਰਾ ਪੈਸਾ ਖਤਮ ਕਰ ਚੁਕੀ ਸੀ) ਬਿਨਾਂ ਕਿਸੇ ਮਦਦ ਦੇ। ਉਹ ਕਿਵੇਂ ਵੀ ਯਿਸੂ ਨੂੰ ਦੇਖਣਾ ਚਾਹੁੰਦੀ ਸੀ!



ਔਰਤ ਕੀ ਕਰ ਸਕਦੀ ਸੀ? “ਜੇਕਰ ਮੈਂ ਉਸ ਦੇ ਕੱਪੜੇ ਨੂੰ ਛੂਹ ਲਵਾਂ ਤਾਂ ਚੰਗੀ ਹੋ ਜਾਵਾਂਗੀ,” ਔਰਤ ਨੇ ਧੀਮੀ ਆਵਾਜ ਵਿੱਚ ਕਿਹਾ। ਉਹ ਯਿਸੂ ਦੀ ਵੱਲ ਅੱਗੇ ਵਧੀ। ਤਦ ਆਪਣਾ ਹੱਥ ਵਧਾ ਕੇ, ਯਿਸੂ ਦੇ ਵਸਤਰ ਨੂੰ ਛੂਹ ਲਿਆ।



ਇੱਕ ਚਮਤਕਾਰ! ਇੱਕ ਚਮਤਕਾਰ!
ਔਰਤ ਚੰਗੀ ਹੋ ਗਈ ਸੀ। ਜਲਦ
ਹੀ! ਪੂਰੀ ਤ੍ਰਰਾਂ! ਉਹ ਜਾਣ ਗਈ
ਮੈਂ ਸੰਪੂਰਣ ਤਰੀਕੇ ਨਾਲ ਠੀਕ ਅਤੇ
ਮਜ਼ਬੂਤ ਹਾਂ। ਪਰ ਤਦ ਇੱਕ
ਆਵਾਜ ਆਈ। "ਮੈਨੂੰ ਕਿਸਨੇ
ਛੂਹਿਆ ਹੈ?" ਯਿਸੂ ਨੇ ਪੁੱਛਿਆ।
ਭੀੜ ਨੇ ਉਸ ਨੂੰ ਛੂਹਿਆ। ਪਰ
ਉਹ ਔਰਤ ਜਿਸ ਨੇ ਚੰਗਾਈ ਪਾਈ
ਸੀ ਜਾਣ ਗਈ ਕੀ ਉਹ ਚਾਹੁੰਦਾ ਹੈ
ਮੈ ਇਸ ਦੇ ਬਾਰੇ ਉਸਨੂੰ ਦੱਸਾਂ।
ਡਰਦਿਆਂ ਹੋਇਆ, ਉਸ ਨੇ
ਉਸ ਨੂੰ ਆਪਣੀ ਸਾਰੀ
ਕਹਾਣੀ ਦੱਸ ਦਿਤੀ।

ਉਸੇ ਵੇਲੇ ਜੈਰਸ ਦੇ ਘਰੋਂ ਉਸਦੇ ਦਾਸ ਆਏ। ਉਹਨਾਂ ਦੇ ਦੱਸਣ ਤੋਂ ਪਹਿਲਾਂ ਹੀ ਉਹਨਾਂ ਦੇ ਚੇਹਰੇ ਦੁੱਖ ਭਰੀ ਕਹਾਣੀ ਦੱਸ ਰਹੇ ਸਨ। "ਤੇਰੀ ਬੇਟੀ ਮਰ ਗਈ ਹੈ!" ਉਹਨਾਂ ਨੇ ਜੈਰਸ ਨੂੰ ਆਖਿਆ। ਮਰ ਗਈ! ਬਹੁਤ ਦੇਰ ਹੋ ਗਈ ਸੀ। ਸ਼ਾਇਦ, ਜੇਕਰ ਉਹ ਔਰਤ ਦੇਰ ਨਾ ਕਰਦੀ ... ਸ਼ਾਇਦ, ਜੇਕਰ ... ਮਰ ਗਈ! ਜੈਰਸ ਦੀ ਪਿਆਰੀ ਲੜਕੀ ਚਲੀ ਗਈ ਸੀ। ਜਦ ਯਿਸੂ ਨੇ ਇਹ ਸੁਣਿਆ, ਉਸਨੇ ਉੱਤਰ ਦਿੱਤਾ, "ਨਾ ਡਰ; ਸਿਰਫ਼ ਵਿਸ਼ਵਾਸ਼ ਕਰ, ਅਤੇ ਉਹ ਠੀਕ ਹੋ ਜਾਵੇਗੀ।" ਯਿਸੂ ਤੇ ਸੱਚ ਮੁੱਚ ਵਿਸ਼ਵਾਸ਼ ਕਰਨਾ ਜੈਰਸ ਲਈ ਕਿੰਨਾ ਮੁਸ਼ਕਲ ਹੋਵੇਗਾ। ਉਸਦੀ ਬੇਟੀ ਮਰ ਗਈ ਸੀ।



ਘਰ ਵਿੱਚ, ਸਾਰੇ ਲੋਕ ਰੋ ਰਹੇ ਸਨ ਅਤੇ ਉਸ ਲੜਕੀ ਲਈ ਅਫ਼ਸੋਸ ਕਰ ਰਹੇ ਸਨ। “ਉਹ ਮਰੀ ਨਹੀ ਹੈ ਪਰ ਸੋ ਰਹੀ ਹੈ,” ਯਿਸੂ ਨੇ ਉਹਨਾਂ ਨੂੰ ਕਿਹਾ। ਉਹ ਉਸ ਉੱਤੇ ਹੱਸੇ। ਉਹ ਜਾਣਦੇ ਸਨ ਕੇ ਲੜਕੀ ਮਰ ਗਈ ਹੈ।



ਯਿਸੂ ਨੇ ਸਾਰਿਆਂ ਨੂੰ ਬਾਹਰ ਕੱਢ ਦਿੱਤਾ, ਲੜਕੀ ਦੇ ਹੱਥ ਨੂੰ ਲਿਆ ਅਤੇ ਕਿਹਾ, "ਛੋਟੀ ਲੜਕੀ, ਖੜੀ ਹੋ ਜਾਹ।" ਜੈਰਸ ਉੱਥੇ ਸੀ। ਉਸਦੀ ਪਤਨੀ ਉੱਥੇ ਸੀ। ਯਿਸੂ ਦੇ ਤਿੰਨ ਚੇਲੇ ਉੱਥੇ ਸਨ। ਉਹਨਾਂ ਸਾਰਿਆਂ ਨੇ ਯਿਸੂ ਦੇ ਸ਼ਬਦਾਂ ਨੂੰ ਸੁਣਿਆ। ਕੀ ਉਸ ਮਰੀ ਹੋਈ ਛੋਟੀ ਲੜਕੀ ਨੇ ਵੀ ਉਹਨਾਂ ਨੂੰ ਸੁਣਿਆ?



ਮਰੀ ਹੋਈ ਲੜਕੀ ਨੇ
ਯਿਸੂ ਦੀ ਆਗਿਆ
ਨੂੰ ਸੁਣਿਆ! ਉਸਦੀ
ਆਤਮਾਂ ਵਾਪਸ ਆ
ਗਈ, ਅਤੇ ਉਹ
ਜਲਦ ਹੀ ਖੜੀ
ਹੋ ਗਈ। ਯਿਸੂ
ਨੇ ਉਸ ਨੂੰ
ਮੁਰਦਿਆਂ
ਵਿੱਚੋਂ ਜਿੰਦਾ
ਕੀਤਾ ਸੀ।



ਲੜਕੀ ਦੇ ਪਰਿਵਾਰ ਵਾਲੇ ਹੈਰਾਨ ਸਨ। ਯਿਸੂ ਨੇ ਉਹਨਾਂ ਨੂੰ ਕਿਹਾ ਲੜਕੀ ਨੂੰ ਕੁਝ ਖਾਣ ਲਈ ਦਿਓ। ਉਹਨਾਂ ਨੂੰ ਕਿੰਨੀ ਖੁਸ਼ੀ ਮਹਿਸੂਸ ਹੋਈ ਹੋਵੇਗੀ; ਉਹ ਯਿਸੂ ਦੇ ਕਿੰਨੇ ਅਹਿਸਾਨ ਮੰਦ ਹੋਣਗੇ। ਉਹਨਾਂ ਦਾ ਅਨੋਖਾ ਪਿਆਰ ਅਤੇ ਤਾਕਤ ਉਹਨਾਂ ਦੀ ਬੇਟੀ ਨੂੰ ਮੌਤ ਤੋਂ ਵਾਪਸ ਲੈ ਆਇਆ।



# ਲੜਕੀ ਜਿਸ ਨੂੰ ਦੋਬਾਰਾ ਜੀਵਣ ਮਿਲਿਆ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮਰਕੁਸ ਦੀ ਇੰਜੀਲ 5, ਲੂਕਾ ਦੀ ਇੰਜੀਲ 8

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16